

# ਵਪਾਰਕ ਕਿਰਾਏਦਾਰ ਲਈ ਸਰੋਤ ਗਾਈਡਾਂ

## ਨੰਬਰ 5: ਟੀ ਪਰਮਿਟ ਅਤੇ ਲਾਇਸੰਸ ਪ੍ਰਕਿਰਿਆਵਾਂ ਨੂੰ ਸਮਝਣਾ

- ਬਿਜ਼ਨਸ ਲਾਇਸੰਸ
- ਨਵੀਂ ਜਗ੍ਹਾ ਲਈ ਪਰਮਿਟ ਅਤੇ ਨਿਰੀਖਣ
- ਇੱਕ ਨਵੀਂ ਜਗ੍ਹਾ ਦਾ ਨਵੀਨੀਕਰਨ

2022

CITY OF VANCOUVER

# 5. ਸਿਟੀ ਦੀਆਂ ਪ੍ਰਕਿਰਿਆਵਾਂ: ਸਿਟੀ ਪਰਮਿਟ ਅਤੇ ਲਾਇਸੰਸ ਪ੍ਰਕਿਰਿਆਵਾਂ ਨੂੰ ਸਮਝਣਾ

ਵੈਨਕੂਵਰ ਸਿਟੀ ਕੁਝ ਗਤੀਵਿਧੀਆਂ ਨੂੰ ਨਿਯੰਤ੍ਰਿਤ ਕਰਦਾ ਹੈ ਜਿਵੇਂ ਕਿ ਕਾਰੋਬਾਰ ਚਲਾਉਣਾ, ਕਾਰੋਬਾਰੀ ਸਥਾਨਾਂ ਦਾ ਨਵੀਨੀਕਰਨ ਕਰਨਾ, ਜਾਂ ਫੂਡ-ਸਰਵਿਸ ਵੇਹੜਾ ਖੋਲ੍ਹਣਾ। ਅਜਿਹੀਆਂ ਗਤੀਵਿਧੀਆਂ ਲਈ ਤੁਹਾਨੂੰ **ਲਾਇਸੰਸ, ਪਰਮਿਟ, ਜਾਂ ਦੋਵੇਂ** ਪ੍ਰਾਪਤ ਕਰਨ ਦੀ ਲੋੜ ਹੁੰਦੀ ਹੈ।

## ਕਾਰੋਬਾਰੀ ਲਾਇਸੰਸ

ਵੈਨਕੂਵਰ ਵਿੱਚ ਸਾਰੇ ਕਾਰੋਬਾਰਾਂ ਨੂੰ ਚਲਾਉਣ ਲਈ ਇੱਕ ਕਾਰੋਬਾਰੀ ਲਾਇਸੰਸ ਪ੍ਰਾਪਤ ਕਰਨਾ ਲਾਜ਼ਮੀ ਹੈ। ਇਹ ਯਕੀਨੀ ਬਣਾਉਣ ਵਿੱਚ ਮਦਦ ਕਰਦਾ ਹੈ ਕਿ ਕਾਰੋਬਾਰ ਸੁਰੱਖਿਅਤ ਹੈ ਅਤੇ ਜ਼ਮੀਨ ਦੀ ਵਰਤੋਂ ਦੀਆਂ ਲੋੜਾਂ ਨੂੰ ਪੂਰਾ ਕਰਦਾ ਹੈ। ਕਾਰੋਬਾਰੀ ਲਾਇਸੰਸ ਅਰਜ਼ੀ ਲਈ ਪ੍ਰੋਸੈਸਿੰਗ ਦਾ ਸਮਾਂ ਅਰਜ਼ੀ ਤੋਂ ਅਰਜ਼ੀ ਵੱਖਰਾ ਹੁੰਦਾ ਹੈ।

ਕੁਸ਼ਲ ਪ੍ਰੋਸੈਸਿੰਗ ਨੂੰ ਯਕੀਨੀ ਬਣਾਉਣ ਲਈ ਕਾਰੋਬਾਰੀ ਲਾਇਸੰਸ ਲਈ ਅਰਜ਼ੀ ਦੇਣ ਦੇ ਪੜਾਅ ਦੇਖੋ।

## ਕਾਰੋਬਾਰੀ ਲਾਇਸੰਸ ਨੂੰ ਬਦਲਣਾ ਜਾਂ ਟ੍ਰਾਂਸਫਰ ਕਰਨਾ

ਜੇਕਰ ਤੁਸੀਂ ਆਪਣੇ ਕਾਰੋਬਾਰ ਨੂੰ ਕਿਸੇ ਨਵੇਂ ਟਿਕਾਣੇ 'ਤੇ ਲਿਜਾ ਰਹੇ ਹੋ, ਤਾਂ ਤੁਹਾਨੂੰ ਆਪਣਾ ਕਾਰੋਬਾਰੀ ਲਾਇਸੰਸ ਅੱਪਡੇਟ ਕਰਨ ਦੀ ਲੋੜ ਹੋਵੇਗੀ। ਜੇਕਰ ਤੁਸੀਂ ਆਪਣਾ ਕਾਰੋਬਾਰ ਵੇਚਣ ਦਾ ਫੈਸਲਾ ਕਰਦੇ ਹੋ, ਤਾਂ ਤੁਸੀਂ ਆਪਣੇ ਕਾਰੋਬਾਰ ਦਾ ਲਾਇਸੰਸ ਕਿਸੇ ਹੋਰ ਨੂੰ ਟ੍ਰਾਂਸਫਰ ਵੀ ਕਰ ਸਕਦੇ ਹੋ। ਲਾਇਸੈਂਸਾਂ ਨੂੰ ਸਾਲਾਨਾ ਅਧਾਰ 'ਤੇ ਨਵਿਆਇਆ ਜਾਣਾ ਚਾਹੀਦਾ ਹੈ।

**ਸਰੋਤ ਗਾਈਡਾਂ ਬਾਰੇ ਸੰਖੇਪ ਜਾਣਕਾਰੀ**


ਗਾਈਡ 1 ਵਪਾਰਕ ਕਿਰਾਏਦਾਰੀ ਬਾਰੇ ਮੂਲ ਗੱਲਾਂ

ਗਾਈਡ 2 ਵਪਾਰਕ ਲੀਜ਼ ਬਾਰੇ ਗੱਲਬਾਤ

ਗਾਈਡ 3 ਜਗ੍ਹਾ ਬਦਲੀ ਅਤੇ ਨਵੀਂ ਜਗ੍ਹਾ ਲੱਭਣੀ

ਗਾਈਡ 4 ਪੁਨਰ-ਵਿਕਾਸ: ਸਮਾਂਰੇਖਾ ਅਤੇ ਪ੍ਰਕਿਰਿਆ

**ਗਾਈਡ 5** ਸਿਟੀ ਪਰਮਿਟ ਅਤੇ ਲਾਇਸੰਸ ਪ੍ਰਕਿਰਿਆਵਾਂ ਨੂੰ ਸਮਝਣਾ

ਗਾਈਡ 6 ਸਹਾਇਤਾ, ਸਰੋਤ ਅਤੇ ਸ਼ਬਦਾਵਲੀ


ਜਿਲਦ 'ਤੇ ਚਿੱਤਰ: *Graeme Jones*

ਆਪਣੇ ਬਿਜ਼ਨਸ ਲਾਇਸੰਸ ਨੂੰ ਬਦਲਣ, ਇਸਦੇ ਲਈ ਅਰਜ਼ੀ ਦੇਣ ਜਾਂ ਨਵਿਆਉਣ ਵਿੱਚ ਮਦਦ ਲਈ
ਵੈਨਕੂਵਰ ਸਿਟੀ ਲਾਇਸੰਸ ਆਫਿਸ ਨਾਲ ਸੰਪਰਕ ਕਰੋ।

## ਪਰਮਿਟ ਅਤੇ ਨਿਰੀਖਣ ਜਿਨ੍ਹਾਂ ਦੀ ਤੁਹਾਨੂੰ ਲੋੜ ਹੋ ਸਕਦੀ ਹੈ

ਵੈਨਕੂਵਰ ਸਿਟੀ ਨੂੰ ਤੁਹਾਡੀ ਕਾਰੋਬਾਰੀ ਗਤੀਵਿਧੀ ਲਈ ਵਿਸ਼ੇਸ਼ ਪਰਮਿਟਾਂ ਦੀ ਲੋੜ ਹੋ ਸਕਦੀ ਹੈ। ਹੇਠਾਂ ਉਹਨਾਂ ਪਰਮਿਟਾਂ ਦੀ ਸੂਚੀ ਹੈ ਜੋ ਤੁਹਾਨੂੰ ਆਪਣੇ ਨਵੇਂ ਕਾਰੋਬਾਰ ਜਾਂ ਸੰਗਠਨ ਦੇ ਸਥਾਨ 'ਤੇ ਲੋੜੀਂਦੇ ਹੋ ਸਕਦੇ ਹਨ।

**ਨੋਟ:** ਤੁਹਾਡੇ ਪ੍ਰੋਜੈਕਟ ਦੀ ਜਟਿਲਤਾ ਦੇ ਆਧਾਰ 'ਤੇ ਉਸਾਰੀ ਦੇ ਵੱਖ-ਵੱਖ ਪੜਾਵਾਂ 'ਤੇ ਜਾਂਚਾਂ ਦੀ ਲੋੜ ਹੁੰਦੀ ਹੈ।

ਹੋਰ ਸਹਾਇਤਾ ਵੈਨਕੂਵਰ ਸਿਟੀ ਦਾ ਉਹਨਾਂ ਪਰਮਿਟਾਂ ਬਾਰੇ ਮਾਰਗਦਰਸ਼ਨ ਜਿਨ੍ਹਾਂ ਦੀ ਸ਼ਾਇਦ ਤੁਹਾਨੂੰ ਕਾਰੋਬਾਰ ਕਰਨ ਲਈ ਲੋੜ ਹੋ ਸਕਦੀ ਹੈ ਰਾਹੀਂ ਮਿਲ ਸਕਦੀ ਹੈ। ਵੈੱਬਸਾਈਟ ਵਿੱਚ ਪਰਮਿਟਾਂ ਦੀ ਨਵੀਨਤਮ ਅੱਪ-ਟੂ-ਡੇਟ ਸੂਚੀ ਅਤੇ ਵਪਾਰਕ ਸਥਾਨਾਂ ਵਿੱਚ ਲੋੜੀਂਦੀਆਂ ਗਤੀਵਿਧੀਆਂ ਬਾਰੇ ਜਾਣਕਾਰੀ ਦੇ ਲਿੰਕ ਵੀ ਹਨ। ਅਸੀਂ ਤੁਹਾਨੂੰ ਵੈਨਕੂਵਰ ਸਿਟੀ ਦੇ  "ਛੋਟਾ ਕਾਰੋਬਾਰ ਸ਼ੁਰੂ ਕਰਨਾ" ਵੈੱਬਪੇਜ 'ਤੇ ਜਾਣ ਦੀ ਜ਼ੋਰਦਾਰ ਸਿਫ਼ਾਰਿਸ਼ ਕਰਦੇ ਹਾਂ, ਜਿੱਥੇ ਤੁਹਾਨੂੰ ਇਸ ਬਾਰੇ ਹੋਰ ਜਾਣਕਾਰੀ ਮਿਲ ਸਕਦੀ ਹੈ ਕਿ ਤੁਹਾਨੂੰ ਕਿਹੜੇ ਪਰਮਿਟ ਦੀ ਲੋੜ ਹੈ ਅਤੇ ਉਹਨਾਂ ਨੂੰ ਕਿਵੇਂ ਪ੍ਰਾਪਤ ਕਰਨਾ ਹੈ।

**ਅਰਜ਼ੀਆਂ, ਨਵਿਆਉਣਾ ਅਤੇ ਅੱਪਡੇਟ ਆਨਲਾਈਨ ਕੀਤੇ ਜਾ ਸਕਦੇ ਹਨ।**

## ਪਰਮਿਟਾਂ ਅਤੇ ਨਰੀਖਣ (ਇੰਸਪੈਕਸ਼ਨ) ਦੀ ਸੂਚੀ

- ਬਿਲਡਿੰਗ ਪਰਮਿਟ: ਨਿੱਜੀ ਪ੍ਰਾਪਰਟੀ 'ਤੇ ਉਸਾਰੀ ਪ੍ਰੋਜੈਕਟਾਂ ਨੂੰ ਕੋਈ ਵੀ ਕੰਮ ਸ਼ੁਰੂ ਕਰਨ ਤੋਂ ਪਹਿਲਾਂ ਬਿਲਡਿੰਗ ਪਰਮਿਟ ਜਾਰੀ ਕਰਵਾਉਣ ਦੀ ਲੋੜ ਹੋਵੇਗੀ।
- ਪਲੰਬਿੰਗ ਅਤੇ ਗੈਸ ਪਰਮਿਟ: ਪਲੰਬਿੰਗ ਜਾਂ ਗੈਸ ਸਿਸਟਮ ਦੇ ਕਿਸੇ ਵੀ ਹਿੱਸੇ ਨੂੰ ਸਥਾਪਤ ਕਰਨ, ਬਦਲਣ ਜਾਂ ਅੱਪਗ੍ਰੇਡ ਕਰਨ ਲਈ ਇਸਦੀ ਲੋੜ ਹੁੰਦੀ ਹੈ।
- ਬਿਜਲੀ (ਇਲੈਕਟ੍ਰੀਕਲ) ਪਰਮਿਟ: ਸਵਿੱਚਾਂ, ਬਲਬਾਂ ਨੂੰ ਬਦਲਣ, ਅਤੇ ਮੌਜੂਦਾ ਸਾਲਾਨਾ ਇਲੈਕਟ੍ਰੀਕਲ ਪਰਮਿਟ ਦੁਆਰਾ ਕਵਰ ਕੀਤੀ ਗਈ ਇੰਸਟਾਲੇਸ਼ਨ ਲਈ ਮਾਮੂਲੀ ਮੁਰੰਮਤ ਕਰਨ ਨੂੰ ਛੱਡ ਕੇ ਜ਼ਿਆਦਾਤਰ ਬਿਜਲੀ ਦੇ ਕੰਮ ਕਰਨ ਲਈ ਇਸਦੀ ਲੋੜ ਹੁੰਦੀ ਹੈ।
- ਫਾਇਰ ਸਪ੍ਰਿੰਕਲਰ ਪਰਮਿਟ: ਇੱਕ ਨਵਾਂ ਫਾਇਰ ਸਪ੍ਰਿੰਕਲਰ ਸਿਸਟਮ ਸਥਾਪਤ ਕਰਨ ਜਾਂ ਮੌਜੂਦਾ ਸਿਸਟਮ ਵਿੱਚ ਤਬਦੀਲੀਆਂ ਕਰਨ ਲਈ ਇਸਦੀ ਲੋੜ ਹੁੰਦੀ ਹੈ
- ਆਕਿਉਪੈਂਸੀ ਪਰਮਿਟ: ਇਸ ਦੀ ਲੋੜ ਇਹ ਪੁਸ਼ਟੀ ਕਰਨ ਲਈ ਹੁੰਦੀ ਹੈ ਕਿ ਇਮਾਰਤ ਸੁਰੱਖਿਅਤ ਹੈ ਅਤੇ ਉਪਨਿਯਮਾਂ ਅਤੇ ਬਿਲਡਿੰਗ ਨਿਯਮਾਂ ਦੀ ਪਾਲਣਾ ਕਰਦੀ ਹੈ।
- ਸਾਈਨ ਪਰਮਿਟ: ਪੇਂਟ ਕੀਤੇ ਚਿੰਨ੍ਹਾਂ ਸਮੇਤ ਸੰਕੇਤਾਂ ਲਈ ਇਸ ਦੀ ਲੋੜ ਹੁੰਦੀ ਹੈ (ਚਿੰਨ੍ਹਾਂ ਦੇ ਉਪਨਿਯਮ ਬਾਰੇ ਉਪਭੋਗਤਾ ਗਾਈਡਾਂ)
- ਸਾਈਡਵਾਕ ਰਿਟੇਲ ਪਰਮਿਟ (ਵਿਹੜਾ (ਪੈਟੀਓ), ਡਿਸਪਲੇ)
- ਸ਼ਰਾਬ ਪਰੋਸਣ ਵਾਲੀਆਂ ਸੰਸਥਾਵਾਂ ਲਈ ਸ਼ਰਾਬ ਦੇ ਲਾਇਸੰਸ ਦੀ ਲੋੜ ਹੁੰਦੀ ਹੈ
- ਲੋੜ ਅਨੁਸਾਰ ਅਸਥਾਈ ਇਵੈਂਟ ਦੇ ਪਰਮਿਟਾਂ ਅਤੇ ਲਾਇਸੰਸ ਦੀ ਲੋੜ ਹੋ ਸਕਦੀ ਹੈ
- ਸੜਕ 'ਤੇ ਕਾਰੋਬਾਰਾਂ ਲਈ ਸਟ੍ਰੀਟ ਵੈਂਡਿੰਗ ਪਰਮਿਟਾਂ ਦੀ ਲੋੜ ਹੋ ਸਕਦੀ ਹੈ, ਜਿਵੇਂ ਕਿ ਸਟ੍ਰੀਟ ਫੂਡ ਸਟੇਸ਼ਨਰੀ ਵੈਂਡਿੰਗ, ਰੋਮਿੰਗ ਸਟ੍ਰੀਟ ਫੂਡ ਵੈਂਡਿੰਗ, ਗੈਰ-ਭੋਜਨ ਸਟੇਸ਼ਨਰੀ ਸਟ੍ਰੀਟ ਵੈਂਡਿੰਗ, ਮੋਬਾਈਲ ਸਪੈਸ਼ਲ ਇਵੈਂਟ ਵੈਂਡਿੰਗ, ਅਤੇ ਵਪਾਰਕ ਵਸਤਾਂ ਦੇ ਡਿਸਪਲੇ

### ਵਪਾਰਕ ਵਾਹਨ

ਜੇਕਰ ਤੁਹਾਡਾ ਕਾਰੋਬਾਰ ਵਪਾਰਕ ਵਾਹਨ ਦੀ ਵਰਤੋਂ ਕਰੇਗਾ, ਤਾਂ ਕੁਝ ਲੋੜਾਂ ਲਾਗੂ ਹੋ ਸਕਦੀਆਂ ਹਨ (ਤੁਹਾਨੂੰ ਵੈਨਕੂਵਰ ਸਿਟੀ ਡੈਕਲ ਜਾਂ ਵਪਾਰਕ (ਕਮਰਸ਼ੀਅਲ) ਵਾਹਨ ਲਾਇਸੰਸ ਪਲੇਟ ਦੀ ਲੋੜ ਹੋਵੇਗੀ)। ਸਲਾਨਾ ਅਧਾਰ 'ਤੇ ਨਵੇਂ ਡੈਕਲ ਖਰੀਦਣੇ ਹੁੰਦੇ ਹਨ, ਪਰ ਜੇਕਰ ਤੁਹਾਡੇ ਕੋਲ ਮੌਜੂਦਾ ਸਾਲ ਲਈ ਪਹਿਲਾਂ ਤੋਂ ਹੀ ਡੈਕਲ ਹੈ ਅਤੇ ਤੁਸੀਂ ਸ਼ਹਿਰ ਵਿੱਚ ਸਥਾਨ ਬਦਲਦੇ ਰਹਿੰਦੇ ਹੋ ਤਾਂ ਤੁਹਾਨੂੰ ਆਪਣੇ ਵਪਾਰਕ ਵਾਹਨ ਲਈ ਨਵੇਂ ਡੈਕਲ ਜਾਂ ਲਾਇਸੰਸ ਦੀ ਲੋੜ ਨਹੀਂ ਹੈ।

### ਗੈਰ-ਸਿਟੀ ਪਰਮਿਟ

ਕਿਰਪਾ ਕਰਕੇ ਨੋਟ ਕਰੋ ਕਿ ਸਿਟੀ ਪਰਮਿਟਾਂ ਤੋਂ ਇਲਾਵਾ ਹੋਰ ਅਥਾਰਿਟੀਆਂ ਤੋਂ ਪਰਮਿਟ ਵੀ ਹਨ ਜਿਨ੍ਹਾਂ ਦੀ ਤੁਹਾਨੂੰ ਲੋੜ ਹੋ ਸਕਦੀ ਹੈ।

- ਜੇਕਰ ਤੁਸੀਂ ਭੋਜਨ ਸੇਵਾ ਦਾ ਕਾਰੋਬਾਰ ਹੋ, ਤਾਂ ਤੁਹਾਨੂੰ ਵੈਨਕੂਵਰ ਕੋਸਟਲ ਹੈਲਥ ਤੋਂ ਰੈਸਟੋਰੈਂਟ ਅਤੇ ਫੂਡ ਸੇਫਟੀ ਪਰਮਿਟ ਦੀ ਲੋੜ ਹੁੰਦੀ ਹੈ
- ਮੈਟਰੋ ਵੈਨਕੂਵਰ ਤੋਂ ਏਅਰ ਪਰਮਿਟ

**ਕਿਸਮ ਅਨੁਸਾਰ ਪਰਮਿਟਾਂ ਦੀ ਪੂਰੀ ਸੂਚੀ ਲਈ, ਕਿਰਪਾ ਕਰਕੇ ਦੇਖੋ:**

- ਸਾਰੇ ਬਿਲਡਿੰਗ ਅਤੇ ਵਿਕਾਸ (ਡਿਵੈਲਪਮੈਂਟ) ਪਰਮਿਟ
- ਸਾਰੇ ਵਪਾਰਕ ਬਿਜ਼ਨਸ (ਡਿਵੈਲਪਮੈਂਟ) ਪਰਮਿਟ

### ਨਿਰੀਖਣ (ਇੰਸਪੈਕਸ਼ਨ) ਬਾਰੇ ਜਾਣੋ ਅਤੇ ਉਹਨਾਂ ਨੂੰ ਬੁੱਕ ਕਰੋ।

**ਨੋਟ:** ਤੁਹਾਡੇ ਪ੍ਰੋਜੈਕਟ ਦੀ ਜਟਿਲਤਾ ਦੇ ਆਧਾਰ 'ਤੇ ਉਸਾਰੀ ਦੇ ਵੱਖ-ਵੱਖ ਪੜਾਵਾਂ 'ਤੇ ਜਾਂਚਾਂ ਦੀ ਲੋੜ ਹੁੰਦੀ ਹੈ।

## ਤੁਹਾਡੀ ਨਵੀਂ ਜਗ੍ਹਾ ਦਾ ਨਵੀਨੀਕਰਨ ਕਰਨਾ

ਤੁਹਾਡੇ ਨਵੇਂ ਕਾਰੋਬਾਰ ਜਾਂ ਗਤੀਵਿਧੀ ਦੇ ਸਥਾਨ ਲਈ ਲੋੜੀਂਦੇ ਪਰਮਿਟ ਇਸ ਗੱਲ 'ਤੇ ਨਿਰਭਰ ਕਰਨਗੇ ਕਿ ਤੁਹਾਡੀ ਕੀ ਕਰਨ ਦੀ ਯੋਜਨਾ ਹੈ। ਉਦਾਹਰਨ ਲਈ, ਜੇਕਰ ਜ਼ੋਨਿੰਗ ਅਧੀਨ ਵਰਤੋਂ ਦੀ ਇਜਾਜ਼ਤ ਹੈ, ਅਤੇ ਤੁਹਾਡੀ ਆਪਣੀ ਨਵੀਂ ਥਾਂ 'ਤੇ ਉਸਾਰੀ, ਮੁਰੰਮਤਾਂ ਜਾਂ ਨਵੀਨੀਕਰਨ ਕਰਨ ਦੀ ਯੋਜਨਾ ਹੈ, ਤਾਂ ਤੁਹਾਨੂੰ ਬਿਲਡਿੰਗ ਪਰਮਿਟ ਜਾਂ ਡਿਵੈਲਪਮੈਂਟ ਪਰਮਿਟ ਦੀ ਲੋੜ ਹੋ ਸਕਦੀ ਹੈ।

ਨਵੀਨੀਕਰਨਾਂ ਅਤੇ ਕਿਰਾਏਦਾਰ ਲਈ ਸੁਧਾਰਾਂ ਬਾਰੇ ਜਾਣਕਾਰੀ ਲਈ, ਕਿਰਪਾ ਕਰਕੇ ਵੈਨਕੂਵਰ ਸਿਟੀ ਦੇ ਛੋਟੇ ਕਾਰੋਬਾਰ ਲਈ ਕਮਰਸ਼ੀਅਲ ਰਿਨੋਵੇਸ਼ਨ ਸੈਂਟਰ (CRC) ਅਤੇ ਛੋਟਾ ਕਾਰੋਬਾਰ ਸ਼ੁਰੂ ਕਰਨ ਬਾਰੇ ਜਾਣਕਾਰੀ ਪੰਨਾ ਵੀ ਦੇਖੋ।

ਗਾਈਡ ਗਾਈਡ 3: ਜਗ੍ਹਾ ਬਦਲੀ ਅਤੇ ਨਵੀਂ ਜਗ੍ਹਾ ਲੱਭਣੀ ਵਿੱਚ ਆਪਣੀ ਜਗ੍ਹਾ ਦੇ ਨਵੀਨੀਕਰਨ ਬਾਰੇ ਹੋਰ ਜਾਣਕਾਰੀ ਹੈ।



!

**ਅਸੀਂ ਜ਼ੋਰ ਦੇ ਕੇ ਸਿਫ਼ਾਰਿਸ਼ ਕਰਦੇ ਹਾਂ ਕਿ ਤੁਸੀਂ ਆਪਣੀ ਕਿਰਾਏਦਾਰੀ ਅਤੇ ਜਗ੍ਹਾ ਬਦਲੀ ਸੰਬੰਧੀ ਕਿਸੇ ਵੀ ਗੱਲ ਲਈ ਪੇਸ਼ੇਵਰ ਸਲਾਹ ਲਵੋ।** ਸਹਾਇਤਾ ਕਿਵੇਂ ਪ੍ਰਾਪਤ ਕਰਨੀ ਹੈ ਇਸ ਬਾਰੇ ਹੋਰ ਜਾਣਕਾਰੀ ਲਈ, ਕਿਰਪਾ ਕਰਕੇ ਗਾਈਡ 6: ਸਹਾਇਤਾ, ਸਰੋਤ ਅਤੇ ਸ਼ਬਦਾਵਲੀ ਦੇਖੋ।

**ਕਿਰਪਾ ਕਰਕੇ ਧਿਆਨ ਦਿਓ:** ਇਸ ਗਾਈਡ ਦਾ ਇਰਾਦਾ ਕਾਰੋਬਾਰੀ ਆਪਰੇਟਰਾਂ ਲਈ ਮਦਦਗਾਰ ਸੇਵਾ ਬਣਨਾ ਹੈ। ਕਾਨੂੰਨੀ ਜਾਂ ਹੋਰ ਪੇਸ਼ੇਵਰ ਸਲਾਹ ਲਈ ਇਸ 'ਤੇ ਭਰੋਸਾ ਨਹੀਂ ਕੀਤਾ ਜਾਣਾ ਚਾਹੀਦਾ।

ਸਿਟੀ ਸਟਾਫ਼ ਸਿਫ਼ਾਰਿਸ਼ ਕਰਦਾ ਹੈ ਕਿ ਲੋੜ ਪੈਣ 'ਤੇ ਤੁਸੀਂ ਢੁਕਵੀਂ ਸਲਾਹ ਲਓ।